*Waheguru Ji Ka Khalsa,*
*Waheguru Ji Ki Fateh*

*Today's Hukamnama* *Wednesday 25-03-2026*

ਸਲੋਕ ਮਃ ੩ ॥

Shalok, Third Mehl:

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥

The love of Maya is enticing; without teeth, it has eaten up the world.
ਮੋਹ ਲੈਣ ਵਾਲੀ ਹੈ ਧਨ-ਦੌਲਤ ਦੀ ਪ੍ਰੀਤ ਜਿਸ ਨੇ ਦੰਦਾਂ ਦੇ ਬਗੈਰ ਸੰਸਾਰ ਨੂੰ ਖਾ ਲਿਆ ਹੈ।

ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥

The self-willed manmukhs are eaten away, while the Gurmukhs are saved;
they focus their consciousness on the True Name.
ਆਪ-ਹੁਦਰੇ ਖਾਧੇ ਪੀਤੇ ਜਾਂਦੇ ਹਨ, ਪ੍ਰੰਤੂ ਗੁਰੂ ਅਨੁਸਾਰੀ, ਜੋ ਸਤਿਨਾਮ ਨਾਲ ਆਪਣਾ ਮਨ ਜੋੜਦੇ ਹਨ, ਬਚ ਜਾਂਦੇ ਹਨ।

ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥

Without the Name, the world wanders around insane; the Gurmukhs come to see this.
ਨਾਮ ਦੇ ਬਾਝੋਂ ਦੁਨੀਆ ਪਗਲੀ ਹੋਈ ਭਟਕ ਰਹੀ ਹੈ। ਗੁਰਾਂ ਦੇ ਰਾਹੀਂ ਮੈਂ ਇਹ ਕੁਛ ਵੇਖ ਲਿਆ ਹੈ।

ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ ਸੁਖਦਾਤਾ ਮਨਿ ਨ ਵਸਾਇਆ ॥

Involved in worldly affairs, he wastes his life in vain;
the peace-giving Lord does not come to abide in his mind.

ਸੰਸਾਰੀ ਕਾਰ ਵਿਹਾਰ ਕਰਦਾ ਹੋਇਆ ਇਨਸਾਨ ਆਪਣਾ ਜੀਵਨ ਵਿਅਰਥ ਗੁਆ ਲੈਂਦਾ ਹੈ
ਅਤੇ ਖੁਸ਼ੀ ਦੇਣਹਾਰ ਸੁਆਮੀ ਨੂੰ ਆਪਣੇ ਚਿੱਤ ਵਿੱਚ ਨਹੀਂ ਟਿਕਾਉਂਦਾ।

ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ ਧੁਰਿ ਲਿਖਿ ਪਾਇਆ ॥੧॥

O Nanak, they alone obtain the Name, who have such pre-ordained destiny. ||1||

ਨਾਨਕ, ਕੇਵਲ ਓਹੀ ਨਾਮ ਨੂੰ ਪ੍ਰਾਪਤ ਕਰਦੇ ਹਨ,
ਜਿਨ੍ਹਾਂ ਦੇ ਭਾਗਾਂ ਵਿੱਚ ਇਸ ਤਰ੍ਹਾਂ ਪ੍ਰਭੂ ਨੇ ਮੁੱਢ ਤੋਂ ਲਿਖਿਆ ਹੋਇਆ ਹੈ।

ਅੰਗ ੬੪੩